# ਬੱਚਿਆਂ ਅਤੇ ਅੱਲ੍ਹੜਾਂ ਲਈ *Clozapine* *(ਕਲੋਜ਼ਾਪੀਨ)* ਦਾ ਇਸਤੇਮਾਲ ਕਰਨਾ



## ਸੰਖੇਪ ਵਿਆਖਿਆ

*Clozapine (Clozaril® ਕਲੋਜ਼ੈਰਿਲ®, Apo-clozapine® ਐਪੋ ਕਲੋਜ਼ਾਪੀਨ®, Gen-clozapine® ਜੈੱਨ-ਕਲੋਜ਼ਾਪੀਨ)* ਦਵਾਈਆਂ ਦੇ ਉਸ ਸਮੂਹ ਨਾਲ ਸੰਬੰਧਿਤ ਹੈ ਜਿਸ ਨੂੰ ਅਟਿਪੀਕਲ ਐਂਟੀਸਾਇਕੋਟਿਕਸ (ਖ਼ਾਸ ਗੰਭੀਰ ਮਾਨਸਿਕ ਰੋਗ ਵਿਰੋਧੀ) ਜਾਂ "ਸੈਕੰਡ ਜੈਨਰੇਸ਼ਨ ਐਂਟੀਸਾਇਕੋਟਿਕਸ" ਕਿਹਾ ਜਾਂਦਾ ਹੈ।

## *Clozapine ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?*

ਜਿਨ੍ਹਾਂ ਮਰੀਜ਼ਾਂ ਉੱਪਰ ਦੂਜੀਆਂ ਐਂਟੀ ਸਾਇਕੋਟਿਕ ਦਵਾਈਆਂ ਦਾ ਅਸਰ ਨਹੀਂ ਹੁੰਦਾ, ਉਨ੍ਹਾਂ ਵਿੱਚ ਸਕਿਜ਼ੋਫ੍ਰੇਨੀਆ (ਖੰਡਤ ਮਾਨਸਿਕਤਾ ਜਾਂ ਪਾਗਲਪਨ) ਅਤੇ ਸਾਇਕੋਸਿਸ (ਸੋਚ-ਵਿਚਾਰ ਸੰਬੰਧੀ ਵਿਗਾੜ) ਦੇ ਲੱਛਣਾਂ ਨੂੰ ਘੱਟ ਕਰਨ ਲਈ Clozapine ਦਾ ਇਸਤੇਮਾਲ ਕੀਤਾ ਜਾਂਦਾ ਹੈ। ਜਦੋਂ ਦੂਸਰੀਆਂ ਐਂਟੀ-ਸਾਇਕੋਟਿਕ ਦਵਾਈਆਂ ਦਾ ਅਸਰ ਨਹੀਂ ਹੁੰਦਾ, ਉਦੋਂ Clozapine ਖ਼ਾਸ ਤੌਰ 'ਤੇ ਮਦਦਗ਼ਾਰ ਦਰਸਾਈ ਜਾਂਦੀ ਹੈ। ਦੂਜੀਆਂ ਐਂਟੀ-ਸਾਇਕੋਟਿਕ ਦਵਾਈਆਂ ਦੇ ਮੁਕਾਬਲੇ ਦੇਖਿਆ ਗਿਆ ਹੈ ਕਿ Clozapine ਬਾਲਗਾਂ ਵਿੱਚ ਸਕਿਜ਼ੋਫ੍ਰੇਨੀਆ ਦੇ ਲੱਛਣਾਂ ਨੂੰ ਜ਼ਿਆਦਾ ਘਟਾਉਂਦੀ ਹੈ। ਬਚਪਨ ਵਿੱਚ ਹੋਣ ਵਾਲੇ ਕਈ ਵਿਗਾੜਾਂ ਦੇ ਇਲਾਜ ਵਾਸਤੇ ਵਰਤੀਆਂ ਜਾਣ ਵਾਲੀਆਂ ਕਈ ਹੋਰ ਦਵਾਈਆਂ ਵਾਂਗ Clozapine ਨੂੰ ਬੱਚਿਆਂ ਅਤੇ ਅੱਲ੍ਹੜਾਂ ਲਈ ਵਰਤਣ ਦੀ ਹੈਲਥ ਕੈਨੇਡਾ ਵੱਲੋਂ ਪ੍ਰਵਾਨਗੀ ਨਹੀਂ ਹੈ। Clozapine ਕਈ ਹੋਰ ਮਨੋਰੋਗਾਂ ਦੀਆਂ ਅਲਾਮਤਾਂ ਨੂੰ ਠੀਕ ਕਰਨ ਵਾਸਤੇ ਮਦਦਗ਼ਾਰ ਹੋ ਸਕਦੀ ਹੈ। ਇਹ ਅਲਾਮਤਾਂ ਹਨ:

- ਬਾਈਪੋਲਰ ਡਿਸਆਰਡਰ (ਦੋ-ਧਰੁਵੀ ਵਿਗਾੜ)
- ਸਕਿਜ਼ੋਫ੍ਰੇਨੀਆ (ਖੰਡਤ ਮਾਨਸਿਕਤਾ ਜਾਂ ਪਾਗਲਪਨ)
- ਵੇਗਵਾਨ/ਹਮਲਾਵਰ ਵਿਹਾਰ (ਮਾਨਸਿਕ ਵਿਗਾੜਾਂ ਨਾਲ ਸੰਬੰਧਿਤ)
- ਆਬਸੈਸਿਸਵ ਕੰਪਲਸਿਵ ਡਿਸਆਰਡਰ (ਓ.ਸੀ.ਡੀ.)

ਤੁਹਾਡਾ ਡਾਕਟਰ ਕਿਸੇ ਹੋਰ ਕਾਰਨ ਕਰਕੇ ਵੀ ਇਹ ਦਵਾਈ ਇਸਤੇਮਾਲ ਕਰ ਰਿਹਾ ਹੋ ਸਕਦਾ ਹੈ। ਜੇ ਤੁਹਾਨੂੰ ਇਹ ਸਪਸ਼ਟ ਨਹੀਂ ਹੈ ਕਿ ਤੁਹਾਨੂੰ ਇਹ ਦਵਾਈ ਕਿਉਂ ਲਿਖੀ ਗਈ ਹੈ, ਕਿਰਪਾ ਕਰਕੇ ਆਪਣੇ ਡਾਕਟਰ ਨੂੰ ਪੁੱਛ ਲਓ।



## *Clozapine* ਕਿਵੇਂ ਕੰਮ ਕਰਦੀ ਹੈ?

ਦੂਸਰੀਆਂ ਅਟਿਪੀਕਲ ਐਂਟੀਸਾਇਕੋਟਿਕਸ ਦੀ ਤਰ੍ਹਾਂ Clozapine ਵੀ ਦਿਮਾਗ ਵਿਚਲੇ ਰਸਾਇਣਾਂ, ਜਿਨ੍ਹਾਂ ਨੂੰ ਡੋਪਾਮਾਇਨ ਅਤੇ ਸੈਰੋਟੋਨਿਨ ਕਿਹਾ ਜਾਂਦਾ ਹੈ, ਉੱਤੇ ਅਸਰ ਪਾਉਂਦੀ ਹੈ। ਜਿਹਨਾਂ ਲੋਕਾਂ ਵਿੱਚ ਖੰਡਤ ਮਾਨਸਿਕਤਾ ਅਤੇ ਦੋ-ਧਰੁਵੀ ਵਿਗਾੜਾਂ ਦੇ ਸੰਕੇਤ ਹਨ, ਉਨ੍ਹਾਂ ਵਿੱਚ ਇਹ ਮਦਦ ਕਰਦੀ ਦਿਖਾਈ ਗਈ ਹੈ। ਐਂਟੀਸਾਇਕੋਟਿਕਸ ਖੰਡਤ ਮਾਨਸਿਕਤਾ ਅਤੇ ਦੋ-ਧਰੁਵੀ ਵਿਗਾੜਾਂ ਦੇ ਸੰਕੇਤਾਂ ਨੂੰ ਕਿਸ ਤਰ੍ਹਾਂ ਠੀਕ ਕਰਦੇ ਹਨ, ਇਸ ਗੱਲ ਦਾ ਨਿਸ਼ਚਿਤ ਢੰਗ ਪੂਰੀ ਤਰ੍ਹਾਂ ਨਾਲ ਨਹੀਂ ਜਾਣਿਆ ਜਾ ਸਕਿਆ ਹੈ।


Child & Adolescent Mental Health Programs,
BC Children's Hospital, 4480 Oak Street, Vancouver, B.C., Canada V6H 3V4

## ਬੱਚਿਆਂ ਅਤੇ ਅੱਲ੍ਹੜਾਂ ਵਿੱਚ *Clozapine* ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰਦੀ ਹੈ?

ਬੱਚਿਆਂ ਅਤੇ ਅੱਲ੍ਹੜਾਂ ਵਿੱਚ ਕੀਤੇ ਗਏ ਖੋਜ ਅਧਿਐਨਾਂ ਵਿੱਚ Clozapine ਦੀ ਪਰਖ ਬਹੁਤ ਸੀਮਿਤ ਰਹੀ ਹੈ। ਫਿਰ ਵੀ, ਮੌਜੂਦਾ ਸਬੂਤ ਦਰਸਾਉਂਦੇ ਹਨ ਕਿ ਖੰਡਤ ਮਾਨਸਿਕਤਾ ਦੇ ਰੋਗ ਅਤੇ ਦੋ-ਧਰੁਵੀ ਵਿਗਾੜਾਂ ਦੇ ਇਲਾਜ ਵਿੱਚ ਵਰਤੀਆਂ ਗਈਆਂ ਹੋਰਨਾ ਦਵਾਈਆਂ (ਆਮ ਤੌਰ ’ਤੇ 2 ਜਾਂ ਵੱਧ) ਦਾ ਅਸਰ ਜਿਨ੍ਹਾਂ ਬੱਚਿਆਂ ਅਤੇ ਅੱਲ੍ਹੜਾਂ ਉੱਤੇ ਨਹੀਂ ਹੋਇਆ ਹੁੰਦਾ, ਉਨ੍ਹਾਂ ਨੂੰ Clozapine ਦਿੱਤੇ ਜਾਣ ’ਤੇ ਫ਼ਾਇਦਾ ਹੁੰਦਾ ਹੈ। ਸਕਿਜ਼ੋਫ੍ਰੇਨੀਆ ਦੇ ਰੋਗ ਵਾਲੇ ਜਿਨ੍ਹਾਂ ਬੱਚਿਆਂ ਅਤੇ ਅੱਲ੍ਹੜਾਂ ਨੂੰ ਪਿਛਲੇ ਇਲਾਜ ਨਾਲ ਫ਼ਾਇਦਾ ਨਹੀਂ ਹੋਇਆ ਸੀ, ਉਨ੍ਹਾਂ ਉੱਪਰ Clozapine ਦੀ 6-ਹਫ਼ਤੇ ਦੀ ਆਜ਼ਮਾਇਸ਼ ਦੌਰਾਨ 40% ਬੱਚਿਆਂ ਅਤੇ ਅਲ੍ਹੜਾਂ ਵਿੱਚ ਸੁਧਾਰ ਹੋਇਆ। ਇਨ੍ਹਾਂ ਬਿਮਾਰੀਆਂ ਦੇ ਸਾਇਕੋਟਿਕ ਲੱਛਣਾਂ ਅਤੇ ਗੁੱਸੇ ਵਾਲੇ ਵਿਹਾਰ ਨੂੰ ਘਟਾਉਣ ਵਿੱਚ Clozapine ਵਿਸ਼ੇਸ਼ ਤੌਰ ਤੇ ਬਹੁਤ ਮਦਦਗ਼ਾਰ ਪ੍ਰਤੀਤ ਹੁੰਦੀ ਹੈ।

## *Clozapine* ਕਿਵੇਂ ਲਈ ਜਾਣੀ ਚਾਹੀਦੀ ਹੈ?

Clozapine ਅਕਸਰ ਦਿਨ ਵਿੱਚ ਇੱਕ ਜਾਂ ਦੋ ਵਾਰ ਭੋਜਨ ਦੇ ਨਾਲ ਜਾਂ ਇਸ ਤੋਂ ਬਿਨਾਂ ਵੀ ਲਈ ਜਾ ਸਕਦੀ ਹੈ। Clozapine ਹਰ ਰੋਜ਼ ਇੱਕੋ ਸਮੇਂ `ਤੇ ਤੁਹਾਡੇ ਡਾਕਟਰ ਦੇ ਨਿਰਦੇਸ਼ ਮੁਤਾਬਕ ਲਈ ਜਾਣੀ ਚਾਹੀਦੀ ਹੈ। ਇਸ ਨੂੰ ਆਪਣੇ ਕਿਸੇ ਰੋਜ਼ਾਨਾ ਕਾਰਜ ਨਾਲ ਜੋੜਨ ਦੀ ਕੋਸ਼ਿਸ਼ ਕਰੋ (ਜਿਵੇਂ ਨਾਸ਼ਤਾ ਕਰਨਾ ਜਾਂ ਦੰਦ ਬੁਰਸ਼ ਕਰਨੇ) ਤਾਂ ਕਿ ਤੁਸੀਂ ਭੁੱਲ ਨਾ ਜਾਓ। Clozapine ਲੈਣ ਦੇ ਦੌਰਾਨ ਸ਼ਰਾਬ ਪੀਣ ਤੋਂ ਪਰਹੇਜ਼ ਕਰੋ ਅਤੇ ਕੈਫ਼ੀਨ ਵਾਲੇ ਤਰਲ ਪਦਾਰਥ (ਜਿਵੇਂ ਕੌਫ਼ੀ, ਚਾਹ, ਐਨਰਜੀ ਡ੍ਰਿੰਕ, ਕੋਲਾ) ਲੈਣੇ ਸੀਮਿਤ ਕਰ ਦਿਓ। Clozapine ਦੀ ਖ਼ੁਰਾਕ ਲੈਣ ਦੇ ਦੋ ਘੰਟੇ ਦੇ ਅੰਦਰ-ਅੰਦਰ ਕੋਈ ਐਂਟਾਸਿਡ (ਅਮਲ ਜਾਂ ਤੇਜ਼ਾਬ ਘਟਾਉਣ ਵਾਲੀ ਦਵਾਈ) (ਜਿਵੇਂ Maalox®-ਮਾਲੋਕਸ ਜਾਂ Tums®-ਟਮਜ਼) ਨਾ ਲਓ। ਤੁਸੀਂ ਇਹ ਦਵਾਈ ਦੁੱਧ, ਪਾਣੀ, ਸੰਤਰਿਆਂ ਦੇ ਜੂਸ ਜਾਂ ਸੇਬਾਂ ਦੇ ਜੂਸ ਨਾਲ ਵੀ ਲੈ ਸਕਦੇ ਹੋ। ਪਰ, ਇਹ ਦਵਾਈ ਗ੍ਰੇਪ ਫ੍ਰੂਟ (ਚਕੋਤਰਾ) ਜਾਂ ਇਸ ਨਾਲ ਸੰਬੰਧਿਤ ਜੂਸਾਂ ਜਾਂ ਫਲਾਂ ਜਾਂ ਵੱਧ ਕੈਲੋਰੀਆਂ ਵਾਲੇ ਸੌਫਟ ਡ੍ਰਿੰਕ ਨਾਲ ਲੈਣ ਤੋਂ ਪਰਹੇਜ਼ ਕਰੋ (ਕਿਉਂਕਿ ਇਹ Clozapine ਉੱਤੇ ਅਸਰ ਕਰ ਸਕਦੇ ਹਨ)।

ਆਮ ਤੌਰ ’ਤੇ ਤੁਹਾਡਾ ਡਾਕਟਰ ਤੁਹਾਡੀ ਉਮਰ ਅਤੇ ਤੁਹਾਡੇ ਭਾਰ ਅਨੁਸਾਰ Clozapine ਦੀ ਹਲਕੀ ਖ਼ੁਰਾਕ ਨਾਲ ਸ਼ੁਰੂਆਤ ਕਰੇਗਾ। ਤੁਹਾਡਾ ਪ੍ਰਤੀਕਰਮ ਵੇਖਦਿਆਂ ਕਈ ਦਿਨਾਂ ਜਾਂ ਹਫ਼ਤਿਆਂ ਦੌਰਾਨ ਹੌਲੀ-ਹੌਲੀ ਇਸ ਖ਼ੁਰਾਕ ਵਿੱਚ ਵਾਧਾ ਕਰੇਗਾ। ਤੁਸੀਂ ਇਸ ਦਵਾਈ ਨੂੰ ਕਿੰਨੀ ਚੰਗੀ ਤਰ੍ਹਾਂ ਬਰਦਾਸ਼ਤ ਕਰ ਸਕਦੇ ਹੋ (ਦਵਾਈ ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰ ਰਹੀ ਹੈ ਅਤੇ ਤੁਸੀਂ ਦਵਾਈ ਦੇ ਮਾੜੇ ਪ੍ਰਭਾਵਾਂ ਨਾਲ ਕਿਵੇਂ ਨਜਿੱਠ ਰਹੇ ਹੋ) ਅਤੇ ਤੁਹਾਡੇ ਲੱਛਣਾਂ ਨੂੰ ਘਟਾਉਣ ਵਿੱਚ ਇਹ ਕਿੰਨੇ ਚੰਗੇ ਤਰੀਕੇ ਨਾਲ ਸਹਾਈ ਹੁੰਦੀ ਹੈ, ਇਸ ਦੇ ਆਧਾਰ `ਤੇ ਤੁਸੀਂ ਅਤੇ ਤੁਹਾਡਾ ਡਾਕਟਰ ਇਹ ਵਿਚਾਰ-ਵਟਾਂਦਰਾ ਕਰ ਸਕਦੇ ਹੋ ਕਿ ਤੁਹਾਡੇ ਵਾਸਤੇ ਦਵਾਈ ਲੈਣੀ ਜਾਰੀ ਰੱਖਣ ਲਈ ਕਿੰਨੀ ਖ਼ੁਰਾਕ ਢੁਕਵੀਂ ਰਹੇਗੀ।

## *Clozapine* ਕਦੋਂ ਅਸਰ ਕਰਨਾ ਸ਼ੁਰੂ ਕਰਦੀ ਹੈ?

ਜਦੋਂ ਸਕਿਜ਼ੋਫ੍ਰੇਨੀਆ (ਮਨੋਭ੍ਰਾਂਤੀ ਜਾਂ ਭੁਲੇਖਾ) ਦੇ ਲੱਛਣਾਂ ਦਾ ਇਲਾਜ ਕੀਤਾ ਜਾਂਦਾ ਹੈ, Clozapine ਦੇ ਧਿਆਨ ਵਿੱਚ ਆਉਣ ਵਾਲੇ ਫ਼ਾਇਦੇ ਹੋਣ ਵਿੱਚ ਆਮ ਤੌਰ ’ਤੇ 3 ਤੋਂ 6 ਹਫ਼ਤੇ ਜਾਂ ਵੱਧ ਸਮਾਂ ਲੱਗਦਾ ਹੈ। ਹੋ ਸਕਦਾ ਹੈ ਕਿ clozapine ਦੇ ਪੂਰੇ ਫ਼ਾਇਦੇ ਸਾਹਮਣੇ ਆਉਣ ਵਿੱਚ 6 ਤੋਂ 12 ਮਹੀਨਿਆਂ ਦਾ ਸਮਾਂ ਲੱਗ ਜਾਵੇ। ਜਦੋਂ Clozapine ਠੀਕ ਅਸਰ ਕਰਦੀ ਹੈ ਤਾਂ ਤੁਸੀਂ ਦੇਖੋਗੇ ਕਿ ਤੁਹਾਡੇ ਵਿਚਾਰ ਵਧੇਰੇ ਸਪਸ਼ਟ ਅਤੇ ਸੰਗਠਿਤ (ਤਰਤੀਬ ਅਨੁਸਾਰ) ਹੋਣਗੇ। ਗੁੱਸਾ ਆਉਣਾ ਘੱਟ ਹੋ ਸਕਦਾ ਹੈ, ਜਿਹੜੀਆਂ ਆਵਾਜ਼ਾਂ ਜਾਂ ਵਸਤੂਆਂ ਸਿਰਫ਼ ਤੁਹਾਨੂੰ ਹੀ ਸੁਣਦੀਆਂ, ਦਿਸਦੀਆਂ ਸਨ (ਮਨੋਭ੍ਰਾਂਤੀਆਂ), ਉਹ ਪੂਰੀ ਤਰ੍ਹਾਂ ਬੰਦ ਹੋ ਜਾਣਗੀਆਂ ਜਾਂ ਬਹੁਤ ਘੱਟ ਹੋ ਜਾਣਗੀਆਂ। ਤੁਹਾਡਾ ਮੂਡ ਵਧੇਰੇ ਟਿਕਿਆ ਹੋਇਆ ਹੋ ਜਾਵੇਗਾ ਅਤੇ ਬਹੁਤ ਲੱਗਣ ਵਾਲਾ ਡਰ ਅਤੇ ਚਿੰਤਾਵਾਂ ਘੱਟ ਹੋ ਜਾਣਗੇ। ਕੁੱਝ ਲੋਕ ਇਸ ਦਵਾਈ ਦੇ ਲੈਣ ਦੇ ਪਹਿਲੇ ਹਫਤੇ ਹੀ ਗੁੱਸਾ ਘੱਟ ਆਉਂਦਾ ਮਹਿਸੂਸ ਕਰ ਸਕਦੇ ਹਨ।

Clozapine ਵਰਗੀਆਂ ਦਵਾਈਆਂ ਹਰ ਕਿਸੇ ਲਈ ਫ਼ਾਇਦੇਮੰਦ ਨਹੀਂ ਹੁੰਦੀਆਂ। ਜੇ ਦੋ ਮਹੀਨਿਆਂ ਦੇ ਅੰਦਰ-ਅੰਦਰ ਧਿਆਨਯੋਗ ਸੁਧਾਰ ਨਾ ਦਿਸੇ, ਜਾਂ ਜੇਕਰ ਮਾੜੇ ਪ੍ਰਭਾਵ ਬਹੁਤ ਜ਼ਿਆਦਾ ਤੰਗ ਕਰਨ ਵਾਲੇ ਹੋਣ ਤਾਂ ਤੁਹਾਡਾ ਡਾਕਟਰ ਇਲਾਜ ਦੇ ਹੋਰਨਾ ਵਿਕਲਪਾਂ ਬਾਰੇ ਤੁਹਾਡੇ ਨਾਲ ਗੱਲਬਾਤ ਕਰ ਸਕਦਾ ਹੈ (ਜਿਵੇਂ ਕਿ ਤੁਹਾਡੀ ਦਵਾਈ ਬਦਲ ਸਕਦਾ ਹੈ)

## ਮੈਨੂੰ *Clozapine* ਕਿੰਨੀ ਦੇਰ ਤਕ ਲੈਣੀ ਪਵੇਗੀ?



ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਲੱਛਣ ਕਿਹੋ ਜਿਹੇ ਹਨ, ਉਹ ਲੱਛਣ ਕਿੰਨੀ-ਕਿੰਨੀ ਦੇਰ ਬਾਅਦ ਸਾਹਮਣੇ ਆਉਂਦੇ ਹਨ ਅਤੇ ਤੁਹਾਡੇ ਵਿੱਚ ਇਹ ਲੱਛਣ ਕਿੰਨੇ ਸਮੇਂ ਤੋਂ ਹਨ। ਜੇ ਤੁਹਾਨੂੰ ਸਕਿਜ਼ੋਫ੍ਰੇਨੀਆ ਦੇ ਰੋਗ ਦੇ ਲੱਛਣ (ਕਦੀ ਆਏ ਅਤੇ ਕਦੀ ਨਹੀਂ) ਕਈ ਸਾਲਾਂ ਤੋਂ ਹਨ ਅਤੇ ਤਹਾਨੂੰ ਬਹੁਤ ਜ਼ਿਆਦਾ  ਮਾੜੇ ਪ੍ਰਭਾਵ ਨਹੀਂ ਹਨ, ਤੁਹਾਡਾ ਡਾਕਟਰ ਤਹਾਨੂੰ Clozapine ਹਮੇਸ਼ਾ ਲਈ ਲੈਣ ਦੀ ਸਿਫ਼ਾਰਸ਼ ਕਰ ਸਕਦਾ ਹੈ।

**ਆਪਣੇ ਡਾਕਟਰ ਨਾਲ ਸਲਾਹ ਕੀਤੇ ਬਗ਼ੈਰ ਤੁਹਾਨੂੰ Clozapine ਦੀ ਖ਼ੁਰਾਕ ਵਧਾਉਣੀ ਜਾਂ ਘਟਾਉਣੀ ਨਹੀਂ ਚਾਹੀਦੀ ਅਤੇ ਦਵਾਈ ਲੈਣੀ ਬੰਦ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਦਵਾਈ ਦੇ ਪੂਰੇ ਲਾਭ ਨਜ਼ਰ ਆਉਣ ਵਿੱਚ ਕਈ ਮਹੀਨੇ ਲੱਗਦੇ ਹਨ। ਇਹ ਸੰਭਵ ਹੈ ਕਿ ਤੁਹਾਡੇ ਲੱਛਣ ਦੁਬਾਰਾ ਆ ਸਕਦੇ ਹਨ ਜਾਂ ਤੁਹਾਨੂੰ ਕੋਈ ਮਾੜਾ ਰੀਐਕਸ਼ਨ ਹੋ ਸਕਦਾ ਹੈ।**

## ਕੀ *Clozapine* ਦਾ ਅਮਲ ਲੱਗ ਸਕਦਾ ਹੈ?

ਨਹੀਂ, Clozapine ਦਾ ਅਮਲ ਨਹੀਂ ਲੱਗਦਾ ਅਤੇ ਤੁਹਾਨੂੰ ਇਹ ਦਵਾਈ ਲੈਣ ਦੀ "ਤਲਬ" ਨਹੀਂ ਹੋਵੇਗੀ, ਜਿਵੇਂ ਕਿ ਤੁਹਾਨੂੰ ਨਿਕੋਟਿਨ ਜਾਂ ਹੋਰ ਨਸ਼ੀਲੇ ਪਦਾਰਥਾਂ ਦੀ ਤਲਬ ਹੋ ਸਕਦੀ ਹੈ। ਜੇ ਤੁਸੀਂ ਅਤੇ ਤੁਹਾਡਾ ਡਾਕਟਰ ਇਹ ਫ਼ੈਸਲਾ ਕਰੋ ਕਿ Clozapine ਲੈਣੀ ਬੰਦ ਕਰਨਾ ਤੁਹਾਡੇ ਲਈ ਸਭ ਤੋਂ ਉੱਤਮ ਹੈ, ਤਾਂ ਤੁਹਾਡਾ ਡਾਕਟਰ ਦਵਾਈ  ਨੂੰ ਖਾਣ ਤੋਂ ਬੰਦ ਕਰਨ ਬਾਰੇ ਤੁਹਾਨੂੰ ਵਿਸਥਾਰ ਸਹਿਤ ਦੱਸੇਗਾ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਕਿ ਜਦੋਂ ਤਹਾਡਾ ਸਰੀਰ ਇਸ ਦਵਾਈ ਤੋਂ ਬਿਨਾ ਰਹਿਣ ਲਈ ਆਪਣੇ ਆਪ ਨੂੰ ਢਾਲ ਰਿਹਾ ਹੋਵੇ, ਉਦੋਂ ਤੁਸੀਂ ਇਸ ਦੇ ਨਕਾਰਾਤਮਕ ਪ੍ਰਭਾਵ ਨਾ ਮਹਿਸੂਸ ਕਰੋਂ।

## *Clozapine* ਲੈਣ ਦੇ ਦੌਰਾਨ ਮੈਨੂੰ ਬਾਕਾਇਦਾ ਢੰਗ ਨਾਲ ਖ਼ੂਨ ਟੈਸਟ ਕਰਵਾਉਣ ਦੀ ਲੋੜ ਕਿਉਂ ਹੈ?

Clozapine ਕਾਰਨ ਟਾਵਾਂ-ਟਾਵਾਂ ਹੋਣ ਵਾਲਾ ਪਰ ਗੰਭੀਰ ਮਾੜਾ ਪ੍ਰਭਾਵ ਹੁੰਦਾ ਹੈ ਜਿਸ ਨੂੰ "ਐਗ੍ਰੈਨੁਲੋਸਾਇਟੋਸਿਸ" (ਖ਼ੂਨ ਦੇ ਚਿੱਟੇ ਸੈੱਲਾਂ ਵਿੱਚ ਕਮੀ, ਤੇਜ਼ ਬੁਖ਼ਾਰ, ਚਮੜੀ 'ਤੇ ਖਾਰਿਸ਼, ਗਲਾ ਪੱਕ ਜਾਣਾ, ਗਰਦਨ ਵਿੱਚ ਸੋਜਿਸ਼, ਅੰਦਰੂਨੀ ਅੰਗਾਂ ਵਿੱਚ ਫੋੜੇ ਹੋ ਕੇ ਫਟ ਜਾਣੇ) ਕਹਿੰਦੇ ਹਨ। Clozapine ਲੈਣ ਵਾਲੇ ਹਰ 100 ਮਰੀਜ਼ਾਂ ਵਿੱਚੋਂ ਇੱਕ ਤੋਂ ਵੀ ਘੱਟ ਵਿਅਕਤੀ ਵਿੱਚ ਇਹ ਮਾੜਾ ਪ੍ਰਭਾਵ ਹੁੰਦਾ ਹੈ। ਇਸ ਮਾੜੇ ਪ੍ਰਭਾਵ ਕਾਰਨ ਤੁਹਾਡੇ ਸਰੀਰ ਵਿੱਚ ਇਨਫੈਕਸ਼ਨ ਨਾਲ ਲੜਣ ਵਾਲੇ ਸੈੱਲਾਂ (ਜਿਨ੍ਹਾਂ ਨੂੰ ਖ਼ੂਨ ਦੇ ਚਿੱਟੇ ਸੈੱਲ  ਜਾਂ ਨਿਊਟ੍ਰੋਫਿਲ ਕਿਹਾ ਜਾਂਦਾ ਹੈ) ਦੀ ਸੰਖਿਆ ਵਿੱਚ ਕਮੀ ਆ ਜਾਂਦੀ ਹੈ। ਇਨਫੈਕਸ਼ਨ ਨਾਲ ਲੜਣ ਵਾਲੇ ਸੈੱਲਾਂ ਦੀ ਲੋੜੀਂਦੀ ਗਿਣਤੀ ਨਾ ਹੋਣ ਕਰਕੇ, ਹੋ ਸਕਦਾ ਹੈ ਕਿ ਤੁਹਾਡਾ ਸਰੀਰ ਇਨਫੈਕਸ਼ਨ ਨਾਲ ਲੜਣ ਦੇ ਯੋਗ ਨਾ ਰਹੇ ਅਤੇ ਤੁਸੀਂ ਬਹੁਤ ਬਿਮਾਰ ਹੋ ਸਕਦੇ ਹੋ। ਤੁਹਾਡੇ ਖ਼ੂਨ ਦੇ ਚਿੱਟੇ ਸੈੱਲਾਂ ਅਤੇ ਨਿਊਟ੍ਰੋਫਿਲ ਦੀ ਸੰਖਿਆ ਜਾਂਚਣ ਲਈ ਤੁਹਾਡਾ ਡਾਕਟਰ ਸ਼ੁਰੂ ਵਿੱਚ ਹਰ ਹਫ਼ਤੇ ਇੱਕ ਵਾਰ ਬਲੱਡ ਟੈਸਟ ਕਰਵਾਉਣ ਲਈ ਕਹੇਗਾ।

ਜੇ ਤੁਹਾਡੇ ਖ਼ੂਨ ਦੇ ਚਿੱਟੇ ਸੈੱਲਾਂ ਅਤੇ ਨਿਊਟ੍ਰੋਫਿਲ ਦੀ ਸੰਖਿਆ ਵਿੱਚ ਕਮੀ ਆ ਰਹੀ ਹੈ ਤਾਂ ਤੁਹਾਨੂੰ ਆਰਜ਼ੀ ਤੌਰ 'ਤੇ ਹਫ਼ਤੇ ਵਿੱਚ ਦੋ ਵਾਰ ਬਲੱਡ ਟੈਸਟ ਕਰਵਾਉਣ ਨੂੰ ਕਿਹਾ ਜਾ ਸਕਦਾ ਹੈ। ਜੇ ਤੁਹਾਡੇ ਖ਼ੂਨ ਦੇ ਚਿੱਟੇ ਸੈੱਲਾਂ ਦੀ ਸੰਖਿਆ ਘਟਣੀ ਜਾਰੀ ਰਹਿੰਦੀ ਹੈ ਜਾਂ ਬਹੁਤ ਜ਼ਿਆਦਾ ਘਟ ਜਾਂਦੀ ਹੈ ਤਾਂ ਤੁਹਾਨੂੰ Clozapine ਲੈਣੀ ਬੰਦ ਕਰਨੀ ਪੈ ਸਕਦੀ ਹੈ। ਜੇ ਅਜਿਹਾ ਹੁੰਦਾ ਹੈ ਤਾਂ Clozapine ਬੰਦ ਕਰਨ ਨਾਲ ਤੁਹਾਡਾ ਸਰੀਰ ਇਨਫੈਕਸ਼ਨ ਨਾਲ ਲੜਣ ਵਾਲੇ ਵਧੇਰੇ ਸੈੱਲ ਬਣਾ ਸਕਦਾ ਹੈ ਤਾਂ ਕਿ ਤੁਸੀਂ ਇਨਫੈਕਸ਼ਨ ਨਾਲ ਲੜਣ ਦੇ ਯੋਗ ਹੋ ਜਾਓ।

Clozapine ਨੂੰ 6 ਮਹੀਨੇ ਤਕ ਲੈਣ ਤੋਂ ਬਾਅਦ ਖ਼ੂਨ ਦੇ ਚਿੱਟੇ ਸੈੱਲਾਂ ਅਤੇ ਨਿਊਟ੍ਰੋਫਿਲ ਦੀ ਸੰਖਿਆ ਉੱਤੇ ਇਸ ਮਾੜੇ ਪ੍ਰਭਾਵ ਦਾ ਖ਼ਤਰਾ ਘਟ ਜਾਂਦਾ ਹੈ। ਇਸ ਮੌਕੇ, ਬਲੱਡ ਟੈਸਟ (ਹਰ ਹਫ਼ਤੇ ਦੀ ਥਾਂ) ਹਰ 2 ਹਫ਼ਤਿਆਂ ਬਾਦ ਕਰਵਾਉਣ ਦੀ ਲੋੜ ਪਏਗੀ। ਜੇ ਤੁਸੀਂ Clozapine ਇੱਕ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਲੈ ਚੁੱਕੇ ਹੋ ਅਤੇ ਤੁਹਾਡੇ ਖ਼ੂਨ ਦੇ ਚਿੱਟੇ ਸੈੱਲਾਂ ਅਤੇ ਨਿਊਟ੍ਰੋਫਿਲ ਦੀ ਸੰਖਿਆ ਸਥਿਰ ਹੈ ਤਾਂ ਬਲੱਡ ਟੈਸਟ ਇੱਕ ਮਹੀਨੇ ਵਿੱਚ ਇੱਕ ਵਾਰ ਕਰਵਾਇਆ ਜਾ ਸਕਦਾ ਹੈ।

## *Clozapine* ਦੇ ਮਾੜੇ ਪ੍ਰਭਾਵ ਕੀ ਹਨ ਅਤੇ ਜੇ ਮੈਨੂੰ ਇਹ ਮਾੜੇ ਪ੍ਰਭਾਵ ਹੋ ਜਾਣ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਬਹੁਤੀਆਂ ਹੋਰਨਾ ਦਵਾਈਆਂ ਵਾਂਗ, Clozapine ਲੈਣ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ। ਪਰ ਬਹੁਤੇ ਮਾੜੇ ਪ੍ਰਭਾਵ ਮਾਮੂਲੀ ਅਤੇ ਥੋੜ੍ਹੇ ਸਮੇਂ ਲਈ ਹੁੰਦੇ ਹਨ। ਕਈ ਵਾਰ ਕਿਸੇ ਵੀ ਫ਼ਾਇਦੇਮੰਦ ਪ੍ਰਭਾਵ ਤੋਂ ਪਹਿਲਾਂ ਮਾੜੇ ਪ੍ਰਭਾਵ ਹੋ ਸਕਦੇ ਹਨ। ਕੁਝ ਵਿਅਕਤੀਆਂ ਨੂੰ ਅਜਿਹੇ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਣ ਦੀ ਸੰਭਾਵਨਾ ਵੀ ਹੁੰਦੀ ਹੈ ਜਿਹੜੇ ਉਨ੍ਹਾਂ ਨੂੰ ਗੰਭੀਰ ਜਾਂ ਲੰਮੇ ਸਮੇਂ ਤਕ ਚੱਲਣ ਵਾਲੇ ਮਹਿਸੂਸ ਹੋ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਇਨ੍ਹਾਂ ਨਾਲ ਨਜਿੱਠਣ ਸੰਬੰਧੀ ਤਰੀਕਿਆਂ ਬਾਰੇ ਤੁਰੰਤ ਆਪਣੇ ਡਾਕਟਰ ਨਾਲ ਗੱਲਬਾਤ ਕਰੋ। ਇਸ ਦਵਾਈ ਨੂੰ ਲੈਣ ਦੇ ਕੁਝ ਆਮ ਮਾੜੇ ਪ੍ਰਭਾਵ ਹੇਠਾਂ ਦਿੱਤੇ ਗਏ ਹਨ। ਬ੍ਰੈਕਟਾਂ ਵਿੱਚ ਇਨ੍ਹਾਂ ਪ੍ਰਭਾਵਾਂ ਨੂੰ ਘਟਾਉਣ ਦੇ ਤਰੀਕੇ ਸੁਝਾਏ ਗਏ ਹਨ।

### ਆਮ ਮਾੜੇ ਪ੍ਰਭਾਵ

ਮਾੜੇ ਪ੍ਰਭਾਵ ਦਵਾਈ ਸ਼ੁਰੂ ਕਰਨ ਸਮੇਂ ਜਾਂ ਦਵਾਈ ਦੀ ਖ਼ੁਰਾਕ ਵਧਾਉਣ ਤੋਂ ਬਾਅਦ ਜ਼ਿਆਦਾ ਆਮ ਹੋ ਸਕਦੇ ਹਨ। ਜੇ ਇਨ੍ਹਾਂ ਵਿੱਚੋਂ ਕੋਈ ਵੀ ਮਾੜਾ ਪ੍ਰਭਾਵ ਤੁਹਾਡੇ ਲਈ ਬਹੁਤ ਜ਼ਿਆਦਾ ਪਰੇਸ਼ਾਨੀ ਖੜ੍ਹੀ ਕਰਦਾ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ ਨਾਲ ਗੱਲਬਾਤ ਕਰੋ।

- ਧੁੰਦਲਾ ਨਜ਼ਰ ਆਉਣਾ *(ਅਕਸਰ ਆਖ਼ਰੀ ਖ਼ੁਰਾਕ ਤੋਂ ਬਾਅਦ 1-2 ਹਫ਼ਤਿਆਂ ਵਿੱਚ ਠੀਕ ਹੋ ਜਾਂਦਾ ਹੈ; ਪੜ੍ਹਣ ਵੇਲੇ ਤੇਜ਼ ਰੋਸ਼ਨੀ ਜਾਂ ਅੱਖਰਾਂ ਨੂੰ ਵੱਡਾ ਕਰਕੇ ਦਿਖਾਉਣ ਵਾਲਾ ਸ਼ੀਸ਼ਾ ਵਰਤੋ)*
- *ਕਬਜ਼ (ਕਸਰਤ, ਤਰਲ ਪਦਾਰਥਾਂ, ਸਬਜ਼ੀਆਂ, ਫਲਾਂ ਅਤੇ ਫਾਇਬਰ ਦੀ ਮਾਤਰਾ ਵਧਾ ਲਓ; ਜੇ ਬਹੁਤ ਜ਼ਿਆਦਾ ਹੋਵੇ ਤਾਂ ਦਵਾਈਆਂ ਵਾਰੇ ਆਪਣੇ ਡਾਕਟਰ ਨਾਲ ਗੱਲ ਕਰੋ)*
- *ਚੱਕਰ ਆਉਣੇ (ਦਵਾਈ ਦੀ ਖ਼ੁਰਾਕ ਸ਼ੁਰੂ ਕਰਨ ਅਤੇ ਵਧਾਉਣ ਸਮੇਂ ਜ਼ਿਆਦਾ ਚੱਕਰ ਆ ਸਕਦੇ ਹਨ; ਬੈਠਣ ਜਾਂ ਲੇਟਣ ਤੋਂ ਬਾਅਦ ਬਹੁਤ ਹੌਲੀ ਉੱਠਣ ਦੀ ਕੋਸ਼ਿਸ਼ ਕਰੋ)*
- *ਸੁਸਤੀ ਅਤੇ ਨੀਂਦ ਆਉਂਦੀ ਮਹਿਸੂਸ ਹੋਣਾ (ਦਵਾਈ ਨੂੰ ਸੌਣ ਵੇਲੇ ਲੈਣ ਦੀ ਕੋਸ਼ਿਸ਼ ਕਰੋ)*
- *ਮੂੰਹ ਖੁਸ਼ਕ ਹੋਣਾ (ਖੰਡ ਰਹਿਤ ਚਿਊਇੰਗ ਗਮ ਜਾਂ ਖੰਡ ਰਹਿਤ ਟੌਫੀਆਂ, ਬਰਫ਼ ਦੀਆਂ ਟੁਕੜੀਆਂ ਜਾਂ ਕੁਲਫੀਆਂ ਖਾਣ ਦੀ ਕੋਸ਼ਿਸ਼ ਕਰੋ)*
- ਬਹੁਤ ਜ਼ਿਆਦਾ ਲਾਰਾਂ ਡਿੱਗਣੀਆਂ *(ਅਕਸਰ ਰਾਤ ਨੂੰ ਹੁੰਦਾ ਹੈ; ਹੋਰ ਦਵਾਈਆਂ ਮਦਦ ਕਰ ਸਕਦੀਆਂ ਹਨ; ਆਪਣੇ ਡਾਕਟਰ ਨਾਲ ਗੱਲ ਕਰੋ)*
- ਸਿਰ ਦਰਦ *(ਦਰਦ ਨਿਵਾਰਕ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਅਸੀਟਾਮਿਨਾਫ਼ਿਨ (ਸਾਦੀ Tylenol® - ਟਾਇਲਾਨੌਲ))*
- ਭੁੱਖ ਵਧਣੀ *(ਵੱਧ ਕੈਲੋਰੀਆਂ ਵਾਲਾ ਭੋਜਨ ਖਾਣ ਤੋਂ ਪਰਹੇਜ਼ ਕਰੋ)*
- ਪੇਟ ਦਰਦ *(ਆਪਣੀ ਦਵਾਈ ਭੋਜਨ ਦੇ ਨਾਲ ਲਓ)*
- ਭਾਰ ਵਧਣਾ *(ਆਪਣੀ ਖ਼ੁਰਾਕ ਤੇ ਨਜ਼ਰ ਰੱਖੋ, ਕਸਰਤ ਵਧਾ ਲਓ)*

### ਅਸਾਧਾਰਨ ਮਾੜੇ ਪ੍ਰਭਾਵ (ਭਾਵ ਕਿ ਜਿਹੜੇ 5% ਤੋਂ ਵੀ ਘੱਟ ਮਰੀਜ਼ਾਂ ਨੂੰ ਹੁੰਦੇ ਹਨ)

**ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਮਾੜਾ ਪ੍ਰਭਾਵ ਮਹਿਸੂਸ ਹੁੰਦਾ ਹੈ ਤਾਂ ਤੁਰੰਤ ਆਪਣੇ ਡਾਕਟਰ ਨੂੰ ਮਿਲੋ:**

- ਛਾਤੀ ਵਿੱਚ ਦਰਦ
- ਉਲਝਨ
- ਪਿਸ਼ਾਬ ਕਰਨ ਵਿੱਚ ਦਿੱਕਤ
- ਬੇਹੋਸ਼ ਹੋ ਜਾਣਾ
- ਦਿਲ ਦੀ ਤੇਜ਼ ਜਾਂ ਬੇ-ਤਰਤੀਬੀ ਧੜਕਨ
- ਬੁਖ਼ਾਰ
- ਫ਼ਲੂ (ਜ਼ੁਕਾਮ) ਵਰਗੇ ਲੱਛਣ (ਦੇਰ ਨਾ ਕਰੋ; ਇਹ ਖ਼ੂਨ ਦੇ ਚਿੱਟੇ ਸੈੱਲਾਂ ਦੀ ਸੰਖਿਆ ਘਟਣ ਨਾਲ ਸੰਬੰਧਿਤ ਹੋ ਸਕਦਾ ਹੈ)

- ਵਾਰ-ਵਾਰ ਪਿਸ਼ਾਬ ਆਉਣਾ ਅਤੇ ਬਹੁਤ ਜ਼ਿਆਦਾ  ਪਿਆਸ ਲੱਗਣੀ
- ਮੂੰਹ ਪੱਕ ਜਾਣਾ
- ਧੱਫੜ ਜਾਂ ਸੋਜ਼ਿਸ਼
- ਮਿਰਗੀ ਪੈਣਾ
- ਸਾਹ ਉੱਖੜਨਾ, ਸਾਹ ਲੈਣ ਵਿੱਚ ਦਿੱਕਤ
- ਗਲਾ ਪੱਕ ਜਾਣਾ ਜਾਂ ਇਨਫੈਕਸ਼ਨ ਦੇ ਹੋਰ ਲੱਛਣ (ਦੇਰ ਨਾ ਕਰੋ; ਇਹ ਖ਼ੂਨ ਦੇ ਚਿੱਟੇ ਸੈੱਲਾਂ ਦੀ ਸੰਖਿਆ ਘਟਣ ਨਾਲ ਸੰਬੰਧਿਤ ਹੋ ਸਕਦਾ ਹੈ)
- ਮਾਸ-ਪੇਸ਼ੀਆਂ ਵਿੱਚ ਕੜਵੱਲ ਪੈਣੇ, ਪਠਿਆਂ ਵਿੱਚ ਅਕੜੇਵਾਂ
- ਬੇਕਾਬੂ ਹਰਕਤਾਂ ਜਾਂ ਅਜਿਹੀਆਂ ਹਰਕਤਾਂ ਜਿਹੜੀਆਂ ਪਹਿਲਾਂ ਨਾ ਦੇਖੀਆਂ ਹੋਣ

ਹੋਰ ਮਾੜੇ ਪ੍ਰਭਾਵ, ਜਿਵੇਂ ਲਿਪਿਡ (ਕੋਲੈਸਟ੍ਰੋਲ, ਟ੍ਰਿਗਲਿਸਰਾਈਡ) ਅਤੇ ਗਲੂਕੋਜ਼ (ਬਲੱਡ ਸ਼ੂਗਰ) ਦੇਖਣ ਲਈ ਵੀ ਤੁਹਾਡੇ ਡਾਕਟਰ ਵੱਲੋਂ ਤੁਹਾਨੂੰ ਬਾਕਾਇਦਾ ਬਲੱਡ ਟੈਸਟ ਕਰਵਾਉਣ ਲਈ ਕਿਹਾ ਜਾਵੇਗਾ।

ਬਹੁਤ ਹੀ ਘੱਟ ਹੋ ਸਕਣ ਵਾਲੇ ਮਾੜੇ ਪ੍ਰਭਾਵ “ਨਿਊਰੋਲੈਪਟਿਕ ਮੈਲਿਗਨੈਂਟ ਸਿੰਡ੍ਰਮ” ਨਾਲ ਵੀ ਕਈ ਵਾਰ Clozapine ਨੂੰ ਸੰਬੰਧਿਤ ਸਮਝਿਆ ਜਾਂਦਾ ਹੈ। ਪੱਠਿਆਂ ਵਿੱਚ ਤੇਜ਼ ਦਰਦ, ਤੇਜ਼ ਬੁਖਾਰ, ਦਿਲ ਦੀ ਤੇਜ਼ ਧੜਕਨ ਅਤੇ ਵੱਧ ਬਲੱਡ-ਪ੍ਰੈਸ਼ਰ, ਦਿਲ ਦੀ ਬੇ-ਤਰਤੀਬੀ ਧੜਕਨ (ਨਬਜ਼), ਪਸੀਨਾ ਆਉਣਾ ਆਦਿ ਇਸ ਦੇ ਲੱਛਣ ਹਨ। ਜੇ ਇਨ੍ਹਾਂ ਵਿੱਚੋਂ ਕੋਈ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ।



**ਸੁਝਾਅ:** Clozapine ਨਾਲ ਕਈ ਵਿਅਕਤੀਆਂ ਨੂੰ ਥਕੇਵਾਂ ਹੋ ਸਕਦਾ ਹੈ, ਚੱਕਰ ਆ ਸਕਦੇ ਹਨ ਜਾਂ ਸੁਸਤੀ ਪੈ ਸਕਦੀ ਹੈ। ਜੇ ਤੁਸੀਂ ਇਨ੍ਹਾਂ ਅਸਥਾਈ ਮਾੜੇ ਪ੍ਰਭਾਵਾਂ ਨੂੰ ਮਹਿਸੂਸ ਕਰਦੇ ਹੋ ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਕੋਈ ਭਾਰੀ ਮਸ਼ੀਨ ਜਾਂ ਗੱਡੀ ਚਲਾਉਣ ਤੋਂ ਪਰਹੇਜ਼ ਕਰੋ।

## *Clozapine* ਲੈਂਦੇ ਸਮੇਂ ਮੈਨੂੰ ਅਤੇ ਮੇਰੇ ਡਾਕਟਰ ਨੂੰ ਕਿਹੜੀਆਂ ਸਾਵਧਾਨੀਆਂ ਬਾਰੇ ਸਚੇਤ ਹੋਣਾ ਚਾਹੀਦਾ ਹੈ?

**ਆਪਣੇ ਡਾਕਟਰ ਜਾਂ ਫ਼ਾਰਮਾਸਿਸਟ ਨੂੰ ਦੱਸੋ ਜੇ:**

- ਤੁਹਾਨੂੰ ਐਲਰਜੀਆਂ ਹਨ ਜਾਂ ਤੁਸੀਂ ਕਿਸੇ ਦਵਾਈ ਦੇ ਰੀਐਕਸ਼ਨ ਦਾ ਅਨੁਭਵ ਕੀਤਾ ਹੈ।
- ਤੁਸੀਂ ਕਿਸੇ ਡਾਕਟਰ ਦੀ ਲਿਖੀ ਹੋਈ ਜਾਂ ਉਸ ਦੀ ਸਲਾਹ ਤੋਂ ਬਗੈਰ ਕੋਈ ਦਵਾਈ (ਹਰਬਲ ਉਤਪਾਦਾਂ ਸਮੇਤ) ਲੈ ਰਹੇ ਹੋ, ਜਾਂ ਲੈਣ ਦੀ ਯੋਜਨਾ ਬਣਾ ਰਹੇ ਹੋ। ਕੁੱਝ ਦਵਾਈਆਂ Clozapine ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਜਿਵੇਂ ਕਿ ਸੁਸਤ ਕਰਨ ਵਾਲੀਆਂ ਦਵਾਈਆਂ, ਬਲੱਡ ਪ੍ਰੈਸ਼ਰ ਦੀਆਂ ਦਵਾਈਆਂ, ਕੁੱਝ ਐਂਟੀ ਬਾਇਟਿਕਸ (ਰੋਗਾਣੂ ਨਾਸ਼ਕ ਦਵਾਈਆਂ) ਅਤੇ ਕਈ ਹੋਰ। ਜੇ ਤੁਸੀਂ ਅਜਿਹੀਆਂ ਦਵਾਈਆਂ ਲੈ ਰਹੇ ਹੋ ਜਿਹੜੀਆਂ Clozapine ਨੂੰ ਪ੍ਰਭਾਵਿਤ ਕਰਦੀਆਂ ਹਨ ਤਾਂ ਡਾਕਟਰ ਤੁਹਾਡੀਆਂ ਦਵਾਈਆਂ ਦੀਆਂ ਖ਼ੁਰਾਕਾਂ ਬਦਲ ਸਕਦਾ ਹੈ ਜਾਂ ਤੁਹਾਨੂੰ ਆਪਣੀ ਦੇਖਰੇਖ ਵਿੱਚ ਰੱਖ ਕੇ ਬਹੁਤ ਧਿਆਨ ਨਾਲ ਮਾੜੇ ਪ੍ਰਭਾਵਾਂ ਦੀ ਨਿਗਰਾਨੀ ਕਰ ਸਕਦਾ ਹੈ।
- ਤੁਹਾਡਾ ਦਿਲ ਦੀ ਬਿਮਾਰੀ ਦਾ ਪਿਛੋਕੜ ਹੈ, ਤੁਹਾਨੂੰ ਮਿਰਗੀ ਦੀ ਸ਼ਿਕਾਇਤ ਹੈ ਜਾਂ ਕਦੇ ਮਿਰਗੀ ਦਾ ਦੌਰਾ ਪਿਆ ਹੈ, ਗੁਰਦਿਆਂ ਜਾਂ ਜਿਗਰ ਦੀ ਬਿਮਾਰੀ, ਪੇਟ ਸਾਫ਼ ਹੋਣ ਵਿੱਚ ਰੁਕਾਵਟ, ਮੋਤੀਆ ਜਾਂ ਡਾਈਬੀਟੀਜ਼ ਹੈ (ਜਾਂ ਪਰਿਵਾਰ ਵਿੱਚ ਡਾਈਬੀਟੀਜ਼)।
- ਤੁਹਾਡੀ ਮਾਂਹਵਾਰੀ ਨਹੀਂ ਆਉਂਦੀ, ਤੁਸੀਂ ਗਰਭਵਤੀ ਹੋ (ਜਾਂ ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ) ਜਾਂ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾ ਰਹੇ ਹੋ।
- ਮੌਜੂਦਾ ਸਮੇਂ ਤੁਸੀਂ ਸਿਗਰਟਨੋਸ਼ੀ ਕਰਦੇ ਹੋ ਜਾਂ ਥੋੜ੍ਹੀ ਦੇਰ ਪਹਿਲਾਂ ਹੀ ਸਿਗਰਟਨੋਸ਼ੀ ਛੱਡੀ ਹੈ, ਸ਼ਰਾਬ ਪੀਂਦੇ ਹੋ ਜਾਂ ਕੋਈ ਨਸ਼ਾ ਕਰਦੇ ਹੋ ਕਿਉਂਕਿ ਇਹ ਵਸਤਾਂ Clozapine ਦੇ ਅਸਰ ਨੂੰ ਘਟਾ ਸਕਦੀਆਂ ਹਨ ਅਤੇ/ਜਾਂ ਤੁਹਾਨੂੰ ਥਕਾਵਟ ਅਤੇ ਨੀਂਦ ਆਉਣ ਦਾ ਅਹਿਸਾਸ ਹੁੰਦਾ ਹੈ।



**ਸੁਝਾਅ:** ਜਦੋਂ ਤੁਸੀਂ Clozapine ਲੈ ਰਹੇ ਹੋ, ਤੁਹਾਡੇ ਤਾਪਮਾਨ ਨੂੰ ਠੀਕ ਰੱਖਣ ਵਿੱਚ ਤੁਹਾਡਾ ਸਰੀਰ ਦਿੱਕਤ ਮਹਿਸੂਸ ਕਰ ਸਕਦਾ ਹੈ। ਇਹ ਗੱਲ ਯਕੀਨੀ ਬਣਾਓ ਕਿ ਤੁਸੀਂ ਕਾਫੀ ਪਾਣੀ ਅਤੇ ਤਰਲ ਪਦਾਰਥ ਪੀਂਦੇ ਹੋ ਤਾਂ ਕਿ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋ ਜਾਵੇ। ਗਰਮ ਦਿਨਾਂ ਵਿੱਚ ਜ਼ਿਆਦਾ ਸਰੀਰਕ ਗਤੀਵਿਧੀਆਂ ਤੋਂ ਪਰਹੇਜ਼ ਕਰੋ।

**ਸੁਝਾਅ:** ਇਸ ਦਵਾਈ ਦੇ ਲਾਭ ਵਾਰੇ ਪਤਾ ਕਰਨ ਵਿੱਚ ਮਦਦ ਕਰਨ ਲਈ *Antipsychotic Monitoring Form for Children and Adolescents* ਇਸਤੇਮਾਲ ਕਰੋ। *Atypical Antipsychotics & Metabolic Monitoring* ਨਾਮ ਦਾ ਦਸਤਾਵੇਜ਼ ਵੀ ਵੇਖੋ।

## *Clozapine* ਲੈਂਦੇ ਹੋਏ ਮੈਨੂੰ ਕਿਹੜੀਆਂ ਵਿਸ਼ੇਸ਼ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ ?

- ਆਪਣੇ ਡਾਕਟਰ ਅਤੇ ਲੈਬੋਰੇਟਰੀ ਦੀਆਂ ਸਾਰੀਆਂ ਅਪੌਇੰਟਮੈਂਟਾਂ ਲਈ ਜਾਓ। ਤੁਸੀਂ Clozapine ਨਾਲ ਕਿਵੇਂ ਅਤੇ ਕਿੰਨਾ ਠੀਕ ਹੋ ਰਹੇ ਹੋ, ਇਹ ਦੇਖਣ ਲਈ ਤੁਹਾਡਾ ਡਾਕਟਰ ਕੁੱਝ ਖ਼ਾਸ ਲੈਬ ਟੈਸਟਾਂ ਲਈ ਕਹਿ ਸਕਦਾ ਹੈ (ਜਿਵੇਂ ਗਲੂਕੋਜ਼ ਜਾਂ ਪ੍ਰੋਕਲੈਟਿਨ ਪੱਧਰ, ਲਿਪਿਡ ਪੱਧਰ ਜਾਂ ਜਿਗਰ ਦਾ ਟੈਸਟ)।
- ਕਿਸੇ ਹੋਰ ਨੂੰ ਆਪਣੀ ਦਵਾਈ ਲੈਣ ਦੀ ਇਜਾਜ਼ਤ ਨਾ ਦਿਓ।
- ਸਿਹਤਮੰਦ ਅਤੇ ਸੰਤੁਲਿਤ ਭੋਜਨ ਖਾਣ ਦੀ ਕੋਸ਼ਿਸ਼ ਕਰੋ ਅਤੇ ਨਿਯਮਤ ਕਸਰਤ ਕਰੋ। Clozapine ਲੈਣ ਦੇ ਦੌਰਾਨ ਕਈ ਵਿਅਕਤੀਆਂ ਦਾ ਭੁੱਖ ਵਧਣ ਕਰਕੇ ਭਾਰ ਵਧ ਜਾਂਦਾ ਹੈ।
- ਜੇ ਤੁਸੀਂ ਆਪਣੀਆਂ ਬਾਹਾਂ, ਲੱਤਾਂ, ਸਰੀਰ ਅਤੇ ਚਿਹਰੇ ਉੱਪਰ ਕੋਈ ਅਸਧਾਰਨ ਹਰਕਤਾਂ ਦੇਖਦੇ ਹੋ ਤਾਂ ਜਿੰਨੀ ਛੇਤੀ ਸੰਭਵ ਹੋ ਸਕੇ, ਆਪਣੇ ਡਾਕਟਰ ਨੂੰ ਦੱਸੋ।

## ਜੇ ਮੈਂ *Clozapine* ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ Clozapine ਹਰ ਰੋਜ਼ ਸਿਰਫ ਰਾਤ ਨੂੰ ਸੌਣ ਤੋਂ ਪਹਿਲਾਂ ਲੈਂਦੇ ਹੋ ਅਤੇ ਕਿਸੇ ਦਿਨ ਤੁਸੀਂ ਦਵਾਈ ਲੈਣੀ ਭੁੱਲ ਜਾਂਦੇ ਹੋ ਤਾਂ ਉਸ ਖੁੰਝੀ ਹੋਈ ਖ਼ੁਰਾਕ ਨੂੰ ਛੱਡ ਦਿਓ ਅਤੇ ਅਗਲੇ ਦਿਨ ਤੋਂ ਆਪਣੀ ਦਵਾਈ ਨੂੰ ਪਹਿਲਾਂ ਵਾਂਗ ਲੈਣਾ ਜਾਰੀ ਰੱਖੋ। ਆਪਣੀ ਅਗਲੀ ਖ਼ੁਰਾਕ ਨੂੰ ਦੁੱਗਣੀ **ਨਾ** ਕਰੋ। ਜੇ ਤੁਸੀਂ ਦਵਾਈ ਦਿਨ ਵਿੱਚ ਇੱਕ ਤੋਂ ਵੱਧ ਵਾਰੀ ਲੈਂਦੇ ਹੋ ਤਾਂ ਖੁੰਝੀ ਹੋਈ ਖ਼ੁਰਾਕ ਨੂੰ ਛੇਤੀ ਤੋਂ ਛੇਤੀ ਲੈ ਲਵੋ। ਪਰ, ਜੇ ਸਮਾਂ ਲਗਭਗ ਤੁਹਾਡੀ ਅਗਲੀ ਖ਼ੁਰਾਕ ਦਾ ਹੋ ਚੁੱਕਾ ਹੈ (ਜਿਵੇਂ ਕਿ 4 ਘੰਟਿਆਂ ਦੇ ਵਿੱਚ ਵਿੱਚ) ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਜਾਂ ਆਪਣੀ ਅਗਲੀ ਖ਼ੁਰਾਕ ਨੂੰ ਦੁੱਗਣੀ **ਨਾ** ਕਰੋ। ਇਸ ਦੀ ਬਜਾਏ ਖ਼ੁਰਾਕ ਲੈਣ ਦਾ ਆਪਣਾ ਬਾਕਾਇਦਾ ਰੁਟੀਨ ਜਾਰੀ ਰੱਖੋ।



## *Clozapine* ਨੂੰ ਸੰਭਾਲ ਕੇ ਰੱਖਣ ਲਈ ਕਿਸ ਤਰ੍ਹਾਂ ਦੇ ਹਾਲਾਤ ਦੀ ਲੋੜ ਹੁੰਦੀ ਹੈ?

- ਇਸ ਦਵਾਈ ਨੂੰ ਇਸ ਦੀ ਅਸਲੀ ਸ਼ੀਸ਼ੀ ਵਿੱਚ, ਕਮਰੇ ਦੇ ਤਾਪਮਾਨ `ਤੇ ਨਮੀ ਅਤੇ ਤਪਸ਼ ਤੋਂ ਦੂਰ ਰੱਖੋ (ਉਦਾਹਰਣ ਵਜੋਂ, ਇਸ ਨੂੰ ਬਾਥਰੂਮ ਜਾਂ ਰਸੋਈ ਵਿੱਚ ਨਾ ਰੱਖੋ)।
- ਇਸ ਦਵਾਈ ਨੂੰ ਬੱਚਿਆਂ ਦੀ ਪਹੁੰਚ ਅਤੇ ਨਜ਼ਰ ਤੋਂ ਪਰ੍ਹੇ ਰੱਖੋ।

ਇਲਾਜ ਸੰਬੰਧੀ ਆਪਣੀਆਂ ਚੋਣਾਂ ਬਾਰੇ ਸਮਝਣ ਵਿੱਚ ਆਪਣੇ ਪਰਿਵਾਰ ਦੀ ਮਦਦ ਲਈ ਤੁਸੀਂ ਇਹ ਜਾਣਕਾਰੀ ਆਪਣੇ ਪਰਿਵਾਰ ਨਾਲ ਸਾਂਝੀ ਕਰਨ ਦੇ ਇੱਛੁਕ ਹੋ ਸਕਦੇ ਹੋ। ਕਿਉਂਕਿ ਹਰ ਵਿਅਕਤੀ ਦੀਆਂ ਜ਼ਰੂਰਤਾਂ ਵਖਰੀਆਂ ਹੁੰਦੀਆਂ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ, ਨਰਸ ਅਤੇ/ਜਾਂ ਫ਼ਾਰਮਾਸਿਸਟ ਵੱਲੋਂ ਮਿਲੀ ਸਲਾਹ ਦੀ ਪਾਲਣਾ ਕਰੋ ਅਤੇ ਇਸ ਦਵਾਈ ਬਾਰੇ ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਉਨ੍ਹਾਂ ਨਾਲ ਗੱਲਬਾਤ ਕਰੋ।

*"ਚਾਈਲਡ ਐਂਡ ਅਡੋਲੋਸੈਂਟ ਮੈਂਟਲ ਹੈਲਥ ਪ੍ਰੋਗਰਾਮ" ਦੇ ਸਿਹਤ ਸੰਭਾਲ ਪੇਸ਼ੇਵਰਾਂ ਵੱਲੋਂ ਤਿਆਰ ਕੀਤਾ ਗਿਆ ਅਤੇ "ਕੈਲਟੀ ਮੈਂਟਲ ਹੈਲਥ ਰੀਸੋਰਸ ਸੈਂਟਰ" ਦੇ ਸਟਾਫ਼ ਵੱਲੋਂ ਇਸ ਦੀ ਸਮੀਖਿਆ ਕੀਤੀ ਗਈ।*